① R-18 12/Dec(M)

(i) Printed Pages : 4 Roll No. ..............................

(ii) Questions : 5 **Sub. Code :** | 0 | 0 | 0 | 2 |

**Exam. Code :** | 0 | 0 | 0 | 1 |

**B.A./B.Sc. (General) 1st Sem.**

**(2123)**

**PUNJABI (Compulsory)**

**Paper : (Same for B.A./B.Sc. (Gen.) & B.Sc.**

**(Microbial & Food Tech., Fashion Designing & Shastri 1st Sem.)**

**Time Allowed : Three Hours]** **[Maximum Marks : 45**

**ਨੋਟ :–** **ਸਾਰੇ** ਪ੍ਰਸ਼ਨ ਹੱਲ ਕਰਨੇ ਲਾਜ਼ਮੀ ਹਨ। ਹਰ ਪ੍ਰਸ਼ਨ ਦੇ ਸਮੁੱਚੇ ਭਾਗ ਇੱਕੋ ਥਾਂ 'ਤੇ ਹੀ ਹੱਲ ਕੀਤੇ ਜਾਣ। ਸਾਫ਼, ਸਪਸ਼ਟ ਤੇ ਖੁਸ਼ਖ਼ਤ ਲਿਖਤ ਨੂੰ ਉਤਸ਼ਾਹਿਤ ਕੀਤਾ ਜਾਵੇਗਾ। ਵਿਆਕਰਣਕ ਉਕਾਈਆਂ ਵੱਲ ਵਧੇਰੇ ਤਵੱਜੋ ਦਿੱਤੀ ਜਾਵੇ।

1. (ੳ) ਹੇਠਾਂ ਦਿੱਤੀਆਂ ਕਾਵਿ-ਪੰਕਤੀਆਂ ਵਿਚੋਂ ਕਿਸੇ **ਇਕ** ਦਾ ਪ੍ਰਸੰਗ ਦੱਸ ਕੇ ਵਿਆਖਿਆ ਕਰੋ :

(1) ਤੂੰ ਪਹਿਲੇ ਹੀ ਛਰਾਟੇ ਨਾਲ ਕਿਉਂ ਏਨੀ ਸਹਿਮ ਗਈਓਂ,
ਅਜੇ ਬਿਜਲੀ ਕੜਕਣੀ ਹੈ। ਅਜੇ ਮੌਸਮ ਨੇ ਵਰ੍ਹਨਾ ਹੈ।
ਮੈਂ ਤੇਰੇ ਨਾਲ ਕਿੰਝ ਪਰਵਾਜ਼ ਦਾ ਵਾਅਦਾ ਕਰਾਂ ਇਕ ਦਮ,
ਅਜੇ ਮੈਂ ਰਿਸ਼ਤਿਆਂ ਦੇ ਪਿੰਜਰੇ ਵਿਚੋਂ ਗੁਜ਼ਰਨਾ ਹੈ।

(2) ਆਪ ਨੀ ਮੈਂ ਬਾਲੜੀ,
ਮੈਂ ਹਾਲੇ ਆਪ ਮੱਤਾਂ ਜੋਗੀ
ਮੱਤ ਕਿਹੜਾ ਏਸ ਨੂੰ ਦਵੇ ?
ਆਖ ਸੂ ਨੀ ਮਾਏ ਇਹਨੂੰ
ਰੋਵੇ ਬੁੱਲ੍ਹ ਚਿੱਥ ਕੇ ਨੀ,

ਜੱਗ ਕਿਤੇ ਸੁਣ ਨਾ ਲਵੇ।
ਆਖ ਸੂ ਨੀ ਖਾ ਲਏ ਟੁੱਕ
ਹਿਜ਼ਰਾਂ ਦਾ ਪੱਕਿਆ,
ਲੇਖਾਂ ਦੇ ਨੀ ਪੁੱਠੜੇ ਤਵੇ!
ਚੱਟ ਲਏ ਤ੍ਰੇਲ ਲੂਣੀ
ਗ਼ਮਾਂ ਦੇ ਗੁਲਾਬ ਤੋਂ ਨੀ,
ਕਾਲਜੇ ਨੂੰ ਹੌਂਸਲਾ ਰਵ੍ਹੇ। 5

(ਅ) ਹੇਠ ਲਿਖੀਆਂ ਕਵਿਤਾਵਾਂ ਵਿੱਚੋਂ ਕਿਸੇ **ਇੱਕ** ਕਵਿਤਾ ਦਾ ਸਾਰ ਤੇ ਕੇਂਦਰੀ ਭਾਵ ਲਿਖੋ :

(1) ਵਿਸਾਖੀ ਦਾ ਮੇਲਾ

(2) ਚੋਰੀ ਯਾਰੀ। 5+5=10

2. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ **ਪੰਜ** ਪ੍ਰਸ਼ਨਾਂ ਦੇ ਉੱਤਰ ਦਿਉ। ਉੱਤਰ **3** ਸਤਰਾਂ ਤੋ ਵੱਧ ਨਾ ਹੋਵੇ :

(1) 'ਪਿਆਰਾ' ਕਵਿਤਾ ਕਿਸ ਕਵੀ ਦੀ ਰਚਨਾ ਹੈ ?

(2) 'ਸ਼ਿਵ ਕੁਮਾਰ' ਦੀਆਂ ਤੁਹਾਡੇ ਪਾਠਕ੍ਰਮ ਵਿੱਚ ਸ਼ਾਮਲ ਦੋ ਕਵਿਤਾਵਾਂ ਦੇ ਨਾਂ ਲਿਖੋ।

(3) ਕਿਸ ਕਵੀ ਦੀ ਕਿਸ ਰਚਨਾ ਵਿੱਚ 'ਖੂਹ' ਦੀ ਸਾਰਥਿਕਤਾ ਬਿਆਨ ਕੀਤੀ ਗਈ ਹੈ ?

(4) ਅੰਮ੍ਰਿਤਾ ਪ੍ਰੀਤਮ ਦੀ ਕਵਿਤਾ 'ਅੱਜ ਆਖਾਂ ਵਾਰਸ ਸ਼ਾਹ ਨੂੰ' ਵਿੱਚ 'ਵਾਰਸ ਸ਼ਾਹ' ਕੌਣ ਹੈ ਅਤੇ ਕਵਿੱਤਰੀ ਉਸ ਨੂੰ ਮੁਖ਼ਾਤਿਬ ਕਿਉਂ ਹੋਈ ਹੈ ?

(5) ਭਾਈ ਵੀਰ ਸਿੰਘ ਦੀ ਕਵਿਤਾ 'ਚਸ਼ਮਾ ਇੱਛਾਬਲ ਤੇ ਡੂੰਘੀਆਂ ਸ਼ਾਮਾਂ' ਵਿੱਚ 'ਚਸ਼ਮੇ ਦਾ ਉੱਤਰ' ਵਾਲੇ ਬੰਦ ਦਾ ਕੇਂਦਰੀ ਭਾਵ ਲਿਖੋ।

(6) ਮੋਹਨ ਸਿੰਘ 'ਸਿਪਾਹੀ ਦਾ ਦਿਲ' ਕਵਿਤਾ ਵਿੱਚ ਕਿੰਨਾਂ ਦੋ ਦੇਵੀਆਂ ਦਾ ਜ਼ਿਕਰ ਕਰਦਾ ਹੈ ?

(7) "ਇਹ ਝੂਠੀ ਹੈ ਦੁਨੀਆਂ, ਕੋਈ ਦਿਨ ਦੀ ਦੁਨੀਆਂ" "ਕੋਈ ਪਲ ਦਾ ਜੀਵਨ, ਕੋਈ ਛਿਣ ਦੀ ਦੁਨੀਆਂ।" ਇਹ ਕਾਵਿ-ਪੰਕਤੀਆਂ ਕਿਸ ਕਵੀ ਦੀ ਕਿਸ ਕਵਿਤਾ ਵਿਚੋਂ ਲਈਆਂ ਗਈਆਂ ਹਨ ?

(8) 'ਚਰਖਾ', 'ਆਜ਼ਾਦੀ' ਅਤੇ 'ਹਾਇ ਨਾ ਤੋੜੀਂ ਵੇ ਦਿਲ ਮੇਰਾ' ਕਵਿਤਾਵਾਂ ਦੇ ਰਚਨਹਾਰ ਦਾ ਨਾਂ ਲਿਖੋ। 5×1=5

3. ਹੇਠ ਲਿਖੇ ਵਿਸ਼ਿਆਂ ਵਿੱਚੋਂ ਆਪਣੇ ਮਨ ਲੱਗਦੇ ਕਿਸੇ **ਇੱਕ** ਵਿਸ਼ੇ 'ਤੇ **500** ਸ਼ਬਦਾਂ ਵਿੱਚ ਭਾਵਪੂਰਤ ਲੇਖ ਲਿਖੋ :

(1) ਵਿਦਿਆਰਥੀਆਂ ਵਿੱਚ ਖੁਦਕੁਸ਼ੀ ਦਾ ਵੱਧਦਾ ਰੁਝਾਨ।

(2) ਯੁਵਕ ਤੇ ਵਿਰਾਸਤੀ ਮੇਲਿਆਂ ਦੀ ਸਾਰਥਿਕਤਾ।

(3) ਨਸ਼ਿਆਂ ਦੀ ਗ੍ਰਿਫ਼ਤ ਵਿੱਚ ਪੰਜਾਬ।

(4) ਮੋਬਾਇਲ ਫ਼ੋਨ 'ਚ ਰੁੜ੍ਹਦੀ ਨੌਜਵਾਨੀ। 10

4. ਹੇਠ ਲਿਖੇ ਵਾਰਤਕ-ਪਹਿਰੇ ਦੀ ਸੰਖੇਪ ਰਚਨਾ ਕਰੋ ਅਤੇ ਇਸਦਾ ਢੁੱਕਵਾਂ ਸਿਰਲੇਖ ਵੀ ਦਿਓ :

ਪਿੰਡ ਅਪਣੱਤ ਦਾ ਸਮੁੰਦਰ, ਇਨਸਾਨੀਅਤ ਦਾ ਜ਼ਖ਼ੀਰਾ, ਮੇਲ-ਮਿਲਾਪ ਦਾ ਹਿਮਾਲਾ, ਨਫ਼ਰਤ ਦਾ ਨਖਲਿਸਤਾਨ, ਮਿਹਨਤ ਦਾ ਸੌਦਾਗਰ ਤੇ ਇਮਾਨਦਾਰੀ ਦਾ ਸਦਾਬਹਾਰ ਬਗੀਚਾ ਹੈ। ਸ਼ਹਿਰ/ਮਹਾਂਨਗਰ ਸਵੈ-ਕੇਂਦਰਿਤ, ਧਨ-ਪੂਜਕ, ਭੀੜ ਦਾ ਸਮੁੰਦਰ, ਸੌਦੇਬਾਜ਼ੀ ਦਾ ਰੰਗਮੰਚ, ਵਿਖਾਵੇ ਦਾ ਸਵੈ-ਚਾਲਿਤ ਸ਼ੋਅ, ਮਖੌਟਿਆਂ ਦੀ ਮੰਡਲੀ, ਕੂੜ ਤੇ ਬੇਈਮਾਨੀ ਦਾ ਠੇਕੇਦਾਰ, ਰੋਕੜੀ ਰਿਸ਼ਤਿਆਂ ਦਾ ਅਲੰਬਰਦਾਰ ਤੇ ਸਵਾਰਥ ਦਾ ਸ਼ੂਕਦਾ ਦਰਿਆ ਹੈ। ਸੂਰਜ ਦੀ ਪਹਿਲੀ ਕਿਰਨ ਪਿੰਡ ਦੀਆਂ ਤਮਾਮ ਗਲੀਆਂ ਅਤੇ ਫ਼ਿਰਨੀ ਵਿੱਚ ਘੁੰਮ ਕੇ ਪਿੰਡ ਦੀ ਪਰਿਕਰਮਾ ਕਰਦੀ ਹੈ ਤੇ ਸਮੁੱਚੇ ਪਿੰਡ ਅੱਗੇ ਨਤਮਸਤਕ ਹੁੰਦੀ ਹੈ। ਜਨੌਰ ਅੰਮ੍ਰਿਤਮਈ ਪ੍ਰਭਾਤ ਦਾ ਇਸਤੇਕਬਾਲ ਆਪਣੇ ਮਿਸ਼ਰੀ-ਗੀਤਾਂ ਨਾਲ ਕਰਦੇ ਹਨ। ਉਹ ਆਪਣੇ ਸੁਰੀਲੇ ਗੌਣ ਨਾਲ ਦਿਨ ਦੀ ਆਰਤੀ ਉਤਾਰਦੇ ਹਨ ਅਤੇ ਅਕਾਲ-ਪੁਰਖ ਦਾ ਸ਼ੁਕਰਾਨਾ ਵੀ ਅਦਾ ਕਰਦੇ ਹਨ। ਹਵਾ ਦਾ ਪਹਿਲਾ ਬੁੱਲ੍ਹਾ ਪਿੰਡ ਨੂੰ ਤਾਜ਼ਗੀ, ਤੰਦਰੁਸਤੀ, ਮਿਹਨਤ ਤੇ ਇਮਾਨਦਾਰੀ ਦਾ ਆਸ਼ੀਰਵਾਦ ਦਿੰਦਾ ਹੈ ਅਤੇ ਨਫ਼ਰਤ, ਆਲਸ ਤੇ ਬੇਰੁਜ਼ਗਾਰੀ ਨੂੰ ਹੂੰਝ ਦੇ ਅਗਾਂਹ ਦੂਰੇਡੇ ਲੈ ਜਾਂਦਾ ਹੈ। 5

5. (ੳ) ਬਣਤਰ (ਰੂਪ) ਦੇ ਅਧਾਰ 'ਤੇ ਵਾਕ ਦੀਆਂ ਕਿਸਮਾਂ ਬਾਰੇ ਉਦਾਹਰਣਾਂ ਸਹਿਤ ਜਾਣਕਾਰੀ ਦਿਓ।

**ਜਾਂ**

ਗੁਰਮੁਖੀ ਲਿਖਤ-ਪ੍ਰਬੰਧ ਨਾਲ ਜਾਣ-ਪਛਾਣ ਕਰਾਉਂਦਿਆਂ ਇਸਦੇ ਨੇਮਾਂ ਬਾਰੇ ਸੰਖਿਪਤ ਚਰਚਾ ਕਰੋ। 6

(ਅ) ਆਪਣੇ ਮਨਭਾਉਂਦੇ ਕਿਸੇ **ਦੋ** ਪ੍ਰਸ਼ਨਾਂ ਦੇ ਉੱਤਰ ਦਿਓ :

(1) ਵਾਕ ਅਤੇ ਉਪਵਾਕ ਵਿਚਲਾ ਅੰਤਰ ਸਮਝਾਓ।

(2) ਵਧੇਤਰ ਕੀ ਹੁੰਦਾ ਹੈ ? ਇਸ ਦੀਆਂ ਕਿਸਮਾਂ ਨਾਲ ਜਾਣ-ਪਛਾਣ ਕਰਾਓ।

(3) ਮਾਝੀ ਉਪਭਾਸ਼ਾ ਵਿਚ /ਹ/ ਧੁਨੀ ਦਾ ਉਚਾਰਣ ਕਿਸ ਤਰ੍ਹਾਂ ਨਾਲ ਕੀਤਾ ਜਾਂਦਾ ਹੈ ?

(4) ਪੰਜਾਬੀ ਦੀਆਂ ਦੋ-ਹੋਠੀਂ ਧੁਨੀਆਂ ਕਿਹੜੀਆਂ-ਕਿਹੜੀਆਂ ਹਨ ?

2+2=4